## ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
## ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 25-04-2017 ਨੂੰ ਬਾਅਦ ਦੁਪਹਿਰ 03.00 ਵਜੇ ਸਿੰਡੀਕੇਟ ਰੂਮ, ਗੁਰੂ ਤੇਗ ਬਹਾਦਰ ਹਾਲ, ਯੂਨੀਵਰਸਿਟੀ ਕੈਂਪਸ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ :

**ਹਾਜ਼ਰ ਮੈਂਬਰ**

1. ਡਾ. ਗੁਰਨਾਮ ਸਿੰਘ, (ਚੇਅਰਮੈਨ)
ਡੀਨ, ਅਕਾਦਮਿਕ ਮਾਮਲੇ ਅਤੇ
ਡੀਨ, ਫੈਕਲਟੀ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ
2. ਪ੍ਰੋਫ਼ੈਸਰ ਐਸ.ਐਸ. ਢਿੱਲੋਂ,
ਰਜਿਸਟਰਾਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
3. ਪ੍ਰੋਫ਼ੈਸਰ ਅਮ੍ਰਿਤ ਪਾਲ ਕੌਰ,
ਡੀਨ, ਫ਼ੈਕਲਟੀ ਆਫ਼ ਲੈਂਗੁਏਜ਼ਿਜ
4. ਪ੍ਰੋਫ਼ੈਸਰ ਹਰਜਿੰਦਰਪਾਲ ਸਿੰਘ ਵਾਲੀਆ,
ਡੀਨ, ਫ਼ੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ
5. ਪ੍ਰੋਫ਼ੈਸਰ ਓ.ਪੀ. ਜਸੂਜਾ,
ਡੀਨ, ਫ਼ੈਕਲਟੀ ਆਫ਼ ਫਿਜ਼ੀਕਲ ਸਾਇੰਸਿਜ਼
6 ਡਾ. ਦੇਵਿੰਦਰ ਸਿੰਘ,
ਡੀਨ, ਫੈਕਲਟੀ ਆਫ਼ ਲਾਈਫ਼ ਸਾਇੰਸਿਜ਼
7. ਡਾ. ਗੁਰਦੀਪ ਸਿੰਘ ਬੱਤਰਾ,
ਡੀਨ, ਫੈਕਲਟੀ ਆਫ਼ ਬਿਜਨਸ ਸਟੱਡੀਜ਼
8. ਡਾ. ਅਮਿਤਾ ਕੌਸ਼ਲ,
ਡੀਨ, ਫੈਕਲਟੀ ਆਫ਼ ਲਾਅ
9. ਡਾ. ਅਘੋਰੀ ਗੋਰੰਗ ਕੁਮਾਰ ਸਿਨਹਾ,
ਡੀਨ, ਫੈਕਲਟੀ ਆਫ਼ ਮੈਡੀਸਨ
10 ਡਾ. ਨਿਵੇਦਿਤਾ ਉਪਲ,
ਡੀਨ, ਫੈਕਲਟੀ ਆਫ਼ ਆਰਟਸ ਐਂਡ ਕਲਚਰ
11. ਪ੍ਰੋਫੈਸਰ, ਕੁਲਬੀਰ ਸਿੰਘ ਢਿੱਲੋਂ
ਡੀਨ, ਕਾਲਜ਼ ਵਿਕਾਸ ਕੌਂਸਲ
12. ਡਾ. ਬਲਜੀਤ ਸਿੰਘ ਸਿੱਧੂ,
ਵਿੱਤ ਅਫ਼ਸਰ
13. ਡਾ. ਬਲਵਿੰਦਰ ਸਿੰਘ ਟਿਵਾਣਾ,
ਡਾਇਰੈਕਟਰ, ਯੋਜਨਾ ਤੇ ਨਿਰੀਖਣ

ਰਜਿਸਟਰਾਰ, ਅਡੀਸ਼ਨਲ ਡੀਨ, ਰਿਸਰਚ, ਸ੍ਰੀ ਤਰਲੋਚਨ ਸਿੰਘ, ਪ੍ਰੋਫ਼ੈਸਰ, ਪ੍ਰਿਥਵੀਪਾਲ ਸਿੰਘ ਕਪੂਰ, ਪ੍ਰੋਫ਼ੈਸਰ ਰੌਣਕੀ ਰਾਮ, ਡੀਨ, ਫੈਕਲਟੀ ਆਫ਼ ਸ਼ੋਸ਼ਲ ਸਾਇੰਸਿਜ ਅਤੇ ਡੀਨ, ਫੈਕਲਟੀ ਆਫ਼ ਕੰਪਿਊਟਿੰਗ ਸਾਇੰਸਿਜ ਕੁਝ ਪ੍ਰਸ਼ਾਸਕੀ ਰੁਝੇਵਿਆਂ ਕਾਰਨ ਇਕੱਤਰਤਾ ਵਿੱਚ ਸ਼ਾਮਲ ਨਹੀਂ ਹੋ ਸਕੇ।

ਇਕੱਤਰਤਾ ਦੇ ਆਰੰਭ ਵਿੱਚ ਡਾਇਰੈਕਟਰ, ਯੋਜਨਾ ਤੇ ਨਿਰੀਖਣ ਵੱਲੋਂ ਦੱਸਿਆ ਗਿਆ ਕਿ ਵਾਈਸ-ਚਾਂਸਲਰ ਸਾਹਿਬ ਦੀ ਤਬੀਅਤ ਠੀਕ ਨਾ ਹੋਣ ਕਾਰਣ ਉਹ ਪਲਾਨਿੰਗ ਬੋਰਡ ਦੀ ਇਕੱਤਰਤਾ ਵਿੱਚ ਸ਼ਾਮਲ ਨਹੀ ਹੋ ਸਕਦੇ। ਉਨ੍ਹਾਂ ਵੱਲੋਂ ਡੀਨ, ਅਕਾਦਮਿਕ ਮਾਮਲੇ ਨੂੰ ਮੀਟਿੰਗ ਚੇਅਰ ਕਰਨ ਬਾਰੇ ਆਦੇਸ਼ ਕੀਤੇ ਗਏ ਹਨ।

ਇਸ ਉਪਰੰਤ ਡਾਇਰੈਕਟਰ, ਯੋਜਨਾ ਤੇ ਨਿਰੀਖਣ ਨੇ ਪਿਛਲੇ ਸਾਲ ਦੌਰਾਨ ਯੂਨੀਵਰਸਿਟੀ ਦੀ ਕਾਰਗੁਜ਼ਾਰੀ ਬਾਰੇ ਮੈਂਬਰ ਸਾਹਿਬਾਨ ਨੂੰ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੋਰਡ ਦੇ ਮੈਂਬਰ ਸਾਹਿਬਾਨ ਨੂੰ ਦੱਸਿਆ ਕਿ ਯੂਨੀਵਰਸਿਟੀ ਨੂੰ ਪਿਛਲੇ ਸਾਲ ਦੌਰਾਨ ਯੂ.ਜੀ.ਸੀ. ਅਤੇ ਹੋਰ ਫੰਡਿੰਗ ਏਜੰਸੀਆਂ ਵੱਲੋਂ ਲਗਭਗ 17 ਨਵੇਂ ਰਿਸਰਚ ਪ੍ਰੋਜੈਕਟ ਅਲਾਟ ਕੀਤੇ ਗਏ ਸਨ। ਇਸ ਤੋਂ ਇਲਾਵਾ ਯੂ.ਜੀ.ਸੀ. ਅਤੇ ਹੋਰ ਫੰਡਿੰਗ ਏਜੰਸੀਆਂ ਪਾਸੋਂ ਯੂਨੀਵਰਸਿਟੀ ਨੂੰ ਰਿਸਰਚ ਕਾਰਜ ਅਤੇ ਹੋਰ ਸਕੀਮਾਂ ਵਾਸਤੇ ਵਿੱਤੀ ਸਾਲ 2016-17 ਦੌਰਾਨ ਲਗਭਗ 28,37,24,035/- ਰੁਪਏ ਦੀ ਗਰਾਂਟ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਵਿਖੇ ਯੂ.ਜੀ.ਸੀ. ਵੱਲੋਂ 3 ਵਿਭਾਗਾਂ ਨੂੰ ਸੈਪ ਸਕੀਮ ਦਾ next phase allocate ਕੀਤਾ ਗਿਆ ਹੈ ਅਤੇ Department of Science and Technology, New Delhi ਵੱਲੋਂ 3 ਵਿਭਾਗਾਂ ਨੂੰ DST Scheme ਅਧੀਨ ਗਰਾਂਟ ਐਲੋਕੇਟ ਕੀਤੀ ਗਈ ਹੈ।

ਇਸ ਉਪਰੰਤ ਡੀਨ, ਅਕਾਦਮਿਕ ਮਾਮਲੇ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 26-04-2016 ਨੂੰ ਯੋਜਨਾ ਤੇ ਨਿਰੀਖਣ ਬੋਰਡ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਮੱਦ ਨੰਬਰ 1</u>

ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਬਾਹਰਲੇ ਸੈਂਟਰਾਂ ਵਿਖੇ ਅਕਾਦਮਿਕ ਸਾਲ 2017-18 ਤੋਂ ਨਵੇਂ ਕੋਰਸ ਸ਼ੁਰੂ ਕਰਨ ਅਤੇ ਕੁਝ ਕੋਰਸ ਬੰਦ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 08-03-2017 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਿਸ਼ਾਂ (ਅੰਤਿਕਾ-I) ਤੇ ਬੋਰਡ ਵੱਲੋਂ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਤੇ ਵਿਚਾਰ ਕਰਨ ਅਤੇ ਸੋਧ ਕਰਨ ਉਪਰੰਤ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. ਪ੍ਰਿੰਸੀਪਲ, ਯੂਨੀਵਰਸਿਟੀ ਕਾਲਜ, ਜੈਤੋਂ (ਫਰੀਦਕੋਟ) ਵੱਲੋਂ ਯੂਨੀਵਰਸਿਟੀ ਕਾਲਜ, ਜੈਤੋਂ ਵਿਖੇ ਅਕਾਦਮਿਕ ਸੈਸ਼ਨ 2017-18 ਤੋਂ ਬੀ.ਏ ਕੋਰਸ ਵਿੱਚ ਧਰਮ ਅਧਿਐਨ ਦਾ ਵਿਸ਼ਾ ਸ਼ੁਰੂ ਕਰਨ ਸਬੰਧੀ ਪੱਤਰ ਨੰਬਰ ਯੂ.ਸੀ / ਜੈਤੋਂ / 2017 / 1523 ਮਿਤੀ 06-01-2017 ਪ੍ਰਾਪਤ ਹੋਇਆ ਹੈ। ਇਸ ਸਬੰਧ ਵਿੱਚ ਕਾਲਜ ਵਿਖੇ ਅਕਾਦਮਿਕ ਸੈਸ਼ਨ 2017-18 ਤੋਂ ਬੀ.ਏ ਕੋਰਸ ਵਿੱਚ ਧਰਮ ਅਧਿਐਨ ਦਾ ਵਿਸ਼ਾ ਪੱਕੇ ਤੌਰ ਤੇ ਸ਼ੁਰੂ ਕਰ ਲਿਆ ਜਾਵੇ (ਅੰਤਿਕਾ-II)।

2. ਕੰਪਿਊਟਰ ਸਾਇੰਸ ਵਿਭਾਗ ਦੇ ਪੱਤਰ ਨੰਬਰ 4253/CS ਮਿਤੀ 16-02-2017 ਦੀ ਲੋਅ ਵਿੱਚ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2017-18 ਤੋਂ ਬੀ.ਸੀ.ਏ ਦਾ ਕੋਰਸ ਸ਼ੁਰੂ ਨਾ ਕੀਤਾ ਜਾਵੇ ਅਤੇ ਇਸ ਨੂੰ 2018-19 ਤੋਂ ਸ਼ੁਰੂ ਕਰਨ ਸਬੰਧੀ ਵਿਚਾਰ ਲਿਆ ਜਾਵੇਗਾ (ਅੰਤਿਕਾ- III)।

3. ਮੁਖੀ, ਬਾਟਨੀ ਵਿਭਾਗ ਦੇ ਪੱਤਰ ਨੰਬਰ 320/ਬਾਟਨੀ ਮਿਤੀ 07-03-2017 ਦੀ ਲੋਅ ਵਿੱਚ ਵਿਭਾਗ ਵਿਖੇ ਪਹਿਲਾਂ ਤੋਂ ਚਲ ਰਹੇ M.Sc. (Botany) Two Year ਕੋਰਸ ਦੇ ਸਿਲੇਬਸ ਅਪਗਰੇਡ ਕਰਦੇ ਹੋਏ ਇਸ ਕੋਰਸ ਦਾ ਨਾਮ M.Sc. (Honors in Botany) ਕੋਰਸ ਕਰ ਦਿੱਤਾ ਜਾਵੇ M.Sc. (Honors in Botany) ਕੋਰਸ ਸਿਰਫ਼ ਯੂਨੀਵਰਸਿਟੀ ਕੈਂਪਸ ਵਿੱਚ ਹੀ ਚੱਲੇਗਾ ਅਤੇ M.Sc (Botany) Two Years Course ਯੂਨੀਵਰਸਿਟੀ ਦੇ ਸਬੰਧਤ ਕਾਲਜਾਂ ਵਿੱਚ ਪਹਿਲਾਂ ਦੀ ਤਰ੍ਹਾਂ ਹੀ ਚਲਦਾ ਰਹੇਗਾ। M.Sc. (Honors in Botany) ਕੋਰਸ ਵਿੱਚ ਦਾਖਲਾ Entrance Test ਦੇ ਅਧਾਰ ਤੇ ਹੋਵੇਗਾ (ਅੰਤਿਕਾ - IV)। ਇਥੇ ਇਹ ਸਪੱਸ਼ਟ ਹੈ ਕਿ M.Sc. (Honors in Botany) ਕੋਰਸ ਦਾ ਸਿਲੇਬਸ M.Sc (Botany) Two Years Course ਨਾਲੋਂ ਵੱਖਰਾ ਹੋਵੇਗਾ। ਬੋਰਡ ਵੱਲੋਂ ਇਹ ਵੀ ਪਾਸ ਕੀਤਾ ਗਿਆ ਕਿ ਜਿਹੜੇ ਵਿਭਾਗ ਆਪਣੇ ਵਿਭਾਗ ਵਿੱਚ ਦਾਖਲਾ entrence test ਰਾਹੀਂ ਕਰਨਾ ਚਾਹੁੰਦੇ ਹਨ, ਉਹ ਆਪਣੀ ਤਜਵੀਜਾਂ ਡੀਨ, ਅਕਾਦਮਿਕ ਮਾਮਲੇ ਨੂੰ ਭੇਜਣਗੇ।

4. ਮੁਖੀ, ਫੋਰੈਂਸਿਕ ਸਾਇੰਸ ਵਿਭਾਗ ਦੇ ਪੱਤਰ ਨੰਬਰ 180/ਫ.ਸ/17 ਮਿਤੀ 28-02-2017 ਦੀ ਲੋਅ ਵਿੱਚ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2017-18 ਤੋਂ ਐਮ.ਫਿਲ (ਫੋਰੈਂਸਿਕ ਸਾਇੰਸ) ਕੋਰਸ ਬੰਦ ਕਰ ਦਿੱਤਾ ਜਾਵੇ (ਅੰਤਿਕਾ- V)।

   ਬੋਰਡ ਵੱਲੋਂ ਫੈਸਲਾ ਕੀਤਾ ਗਿਆ ਕਿ ਅਕਾਦਮਿਕ ਸੈਸ਼ਨ 2017-18 ਤੋਂ ਹਾਲ ਦੀ ਘੜੀ ਇਸ ਕੋਰਸ ਵਿੱਚ ਦਾਖਲਾ ਨਾ ਕੀਤਾ ਜਾਵੇ।

5. ਮੁਖੀ, ਮਨੋਵਿਗਿਆਨ ਵਿਭਾਗ ਦੇ ਪੱਤਰ ਨੰਬਰ 1748/Psy ਮਿਤੀ 28-02-2017 ਦੀ ਲੋਅ ਵਿੱਚ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2017-18 ਤੋਂ ਐਮ.ਫਿਲ (ਮਨੋਵਿਗਿਆਨ) ਕੋਰਸ ਬੰਦ ਕਰ ਦਿੱਤਾ ਜਾਵੇ (ਅੰਤਿਕਾ - VI)।

ਬੋਰਡ ਵੱਲੋਂ ਫੈਸਲਾ ਕੀਤਾ ਗਿਆ ਕਿ ਅਕਾਦਮਿਕ ਸੈਸ਼ਨ 2017-18 ਤੋਂ ਹਾਲ ਦੀ ਘੜੀ ਇਸ ਕੋਰਸ ਵਿੱਚ ਦਾਖਲਾ ਨਾ ਕੀਤਾ ਜਾਵੇ।

**ਮੱਦ ਨੰਬਰ -2**

ਮਾਤਾ ਸੁੰਦਰੀ ਗਰਲਜ਼ ਕਾਲਜ, ਮਾਨਸਾ ਵਿਖੇ ਸੈਸ਼ਨ 2016-17 ਤੋਂ B.Sc (Home Science) ਕੋਰਸ ਸ਼ੁਰੂ ਕਰਨ ਸਬੰਧੀ ਬੋਰਡ ਵੱਲੋਂ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ- VII) ਦੀ ਪੁਸ਼ਟੀ ਕਰਨ ਉਪਰੰਤ ਪ੍ਰਵਾਨ ਕਰ ਲਿਆ ਗਿਆ:

**ਨੋਟ :**

ਪ੍ਰਿੰਸੀਪਲ, ਮਾਤਾ ਸੁੰਦਰੀ ਗਰਲਜ਼ ਕਾਲਜ, ਮਾਨਸਾ ਵੱਲੋਂ ਆਪਣੇ ਪੱਤਰ ਮਿਤੀ 15-06-2016 ਰਾਹੀਂ ਅਕਾਦਮਿਕ ਸਾਲ 2016-17 ਤੋਂ ਕਾਲਜ਼ ਵਿਖੇ B.Sc (Home Science) ਸ਼ੁਰੂ ਕਰਨ ਦੀ ਕੀਤੀ ਗਈ ਬੇਨਤੀ 'ਤੇ ਅਤੇ ਡੀਨ, ਅਕਾਦਮਿਕ ਮਾਮਲੇ ਵੱਲੋਂ ਕੀਤੀ ਗਈ ਸਿਫਾਰਿਸ਼ 'ਤੇ ਵਾਈਸ-ਚਾਂਸਲਰ ਸਾਹਿਬ ਨੇ ਇਹ ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ।

ਪ੍ਰਿੰਸੀਪਲ, ਮਾਤਾ ਸੁੰਦਰੀ ਗਰਲਜ਼ ਕਾਲਜ, ਮਾਨਸਾ ਵੱਲੋਂ ਆਪਣੇ ਪੱਤਰ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਇਹ ਕੋਰਸ ਸ਼ੁਰੂ ਕਰਨ ਲਈ ਕਾਲਜ ਕੋਲ ਵਰਤੋਂ ਦਾ ਸਾਰਾ ਸਮਾਨ, ਲੈਬ ਅਤੇ ਅਧਿਆਪਕ, ਜਿਨ੍ਹਾਂ ਦੀ ਵਿਦਿਅਕ ਯੋਗਤਾ ਬੀ.ਐਸ.ਸੀ ਅਤੇ ਐਮ.ਐਸ.ਸੀ, ਹੋਮ ਸਾਇੰਸ ਹੈ, ਪਹਿਲਾਂ ਤੋਂ ਹੀ ਮੌਜੂਦ ਹਨ।

**ਮੱਦ ਨੰਬਰ -3**

ਕੰਪਿਊਟਰ ਸਾਇੰਸ ਵਿਭਾਗ ਵਿਖੇ M.Tech (CSE) Three Year Part Time Course ਅਕਾਦਮਿਕ ਸਾਲ 2017-18 ਤੋਂ ਬੰਦ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 14-02-2017 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਤੇ ਵਿਚਾਰ ਕਰਨ ਉਪਰੰਤ ਪ੍ਰਵਾਨ ਕਰ ਲਿਆ ਗਿਆ (ਅੰਤਿਕਾ-VIII)।

**ਨੋਟ :**

ਮੁਖੀ, ਕੰਪਿਊਟਰ ਸਾਇੰਸ ਵਿਭਾਗ ਵੱਲੋਂ ਮੀਟਿੰਗ ਦੌਰਾਨ ਜਾਣਕਾਰੀ ਦਿੱਤੀ ਗਈ ਕਿ ਵਿਭਾਗ ਵਿਖੇ M.Tech (CSE) Three Year Part Time Course ਚਲ ਰਿਹਾ ਹੈ ਜਿਸ ਵਿੱਚ ਪਿਛਲੇ ਕਾਫੀ ਸਮੇਂ ਤੋਂ ਵਿਦਿਆਰਥੀਆਂ ਦੇ ਬਹੁਤ ਹੀ ਘੱਟ ਦਾਖਲੇ ਹੋ ਰਹੇ ਹਨ। ਇਹ ਕੋਰਸ ਯੂਨੀਵਰਸਿਟੀ ਕਾਲਜ਼ ਆਫ਼ ਇੰਜੀਨੀਅਰਿੰਗ ਵਿਭਾਗ ਵਿਖੇ ਵੀ ਚਲ ਰਿਹਾ ਹੈ ਜਿਸ ਕਾਰਣ ਯੂਨੀਵਰਸਿਟੀ ਵਿੱਚ ਇਕੋ ਕੋਰਸ ਦੋ ਵਿਭਾਗਾਂ ਵਿਖੇ ਚਲ ਰਿਹਾ ਹੈ। ਕੰਪਿਊਟਰ ਇੰਜੀਨੀਅਰਿੰਗ ਵਿਭਾਗ ਵਿਖੇ ਵੀ ਇਸ ਕੋਰਸ ਵਿੱਚ ਵਿਦਿਆਰਥੀਆਂ ਦਾ ਦਾਖਲਾ ਘੱਟ ਹੋ ਰਿਹਾ ਹੈ, ਇਸ ਲਈ ਇਹ ਕੋਰਸ ਅਕਾਦਮਿਕ ਸਾਲ 2017-18 ਤੋਂ ਕੰਪਿਊਟਰ ਸਾਇੰਸ ਵਿਭਾਗ ਵਿਖੇ ਬੰਦ ਕਰ ਦਿੱਤਾ ਜਾਵੇ।

**ਮੱਦ ਨੰਬਰ-4**

ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਬਾਹਰਲੇ ਸੈਂਟਰਾਂ ਵਿਖੇ ਅਕਾਦਮਿਕ ਸਾਲ 2016-17 ਤੋਂ ਕੁਝ ਕੋਰਸਾਂ ਦੀਆਂ ਸੀਟਾਂ ਵਧਾਉਣ ਹਿੱਤ ਵਾਈਸ-ਚਾਂਸਲਰ ਵੱਲੋਂ ਗਠਿਤ ਕਮੇਟੀ ਦੀ ਮਿਤੀ 28-04-2016 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਿਸ਼ਾਂ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਨੂੰ ਅਕਾਦਮਿਕ ਕੌਂਸਲ ਦੀ

ਇਕੱਤਰਤਾ ਮਿਤੀ 17-05-2016 ਦੇ ਪੈਰ੍ਹਾ 5 ਰਾਹੀਂ ਕੀਤੀ ਪੁਸ਼ਟੀ (ਅੰਤਿਕਾ- IX) ਨੂੰ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ :

ਨੋਟ :

1. ਸਕੂਲ ਆਫ਼ ਸ਼ੋਸ਼ਲ ਸਾਇੰਸਿਜ ਵਿਭਾਗ ਵਿਖੇ 40 ਸੀਟਾਂ ਦਾ ਵਾਧਾ ਕਰ ਲਿਆ ਜਾਵੇ ਅਤੇ ਲੋੜ ਪੈਣ ਤੇ ਇੱਕ ਹੋਰ ਸੈਕਸ਼ਨ ਸ਼ੁਰੂ ਕਰ ਲਿਆ ਜਾਵੇ।

2. ਕਾਮਰਸ ਵਿਭਾਗ ਵਿਖੇ ਐਮ.ਕਾਮ (ਫਾਈਨਾਂਸ) ਕੋਰਸ ਵਿੱਚ 40 ਸੀਟਾਂ (included all additional/ Categories seats) ਦਾ ਵਾਧਾ ਕਰ ਲਿਆ ਜਾਵੇ ਅਤੇ ਲੋੜ ਪੈਣ ਤੇ ਇੱਕ ਹੋਰ ਸੈਕਸ਼ਨ ਸ਼ੁਰੂ ਕਰ ਲਿਆ ਜਾਵੇ।

3. ਪੰਜਾਬੀ ਯੂਨੀਵਰਸਿਟੀ, ਰਿਜਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਅਤੇ ਮੈਨੇਜਮੈਂਟ, ਮੁਹਾਲੀ ਵਿਖੇ MCA (Five Year Integrated Course) 36 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ।

4. ਗਣਿਤ ਵਿਭਾਗ ਵਿਖੇ B.Sc (Mathematics & Computing), B.Sc. Hons. in Mathematics ਅਤੇ M.Sc (Mathematics) ਦੇ ਕੋਰਸਾਂ ਵਿੱਚ 10-10 ਸੀਟਾਂ ਦਾ ਵਾਧਾ ਕਰ ਲਿਆ ਜਾਵੇ। M.SC (Mathematics) ਕੋਰਸ ਵਿੱਚ ਲੋੜ ਪੈਣ ਤੇ ਇੱਕ ਹੋਰ ਸੈਕਸ਼ਨ ਸ਼ੁਰੂ ਕਰ ਲਿਆ ਜਾਵੇ।

5. ਪੰਜਾਬ ਸਕੂਲ ਆਫ਼ ਲਾਅ ਵਿਭਾਗ ਵਿਖੇ B.A.L.L.B (Five Year Course) ਵਿੱਚ 60 ਸੀਟਾਂ ਦਾ ਇੱਕ ਹੋਰ ਸੈਕਸ਼ਨ ਸ਼ੁਰੂ ਕਰਨ ਦੀ ਸਿਧਾਂਤਕ ਤੌਰ ਤੇ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰਬਰ-5</u>

ਬਾਟਨੀ ਵਿਭਾਗ ਵਿਖੇ ਸੈਸ਼ਨ 2017-18 ਤੋਂ ਐਮ.ਐਸ.ਸੀ (ਬਾਟਨੀ) ਭਾਗ-ਪਹਿਲਾ (ਦੋ ਸਾਲਾ ਕੋਰਸ) ਦੇ ਦਾਖਲੇ ਪ੍ਰਵੇਸ਼ ਪ੍ਰੀਖਿਆ ਦੇ ਅਧਾਰ ਤੇ ਕਰਨ ਅਤੇ ਐਮ.ਐਸ.ਸੀ (ਆਨਰਜ਼) ਬਾਟਨੀ (FYIC) ਭਾਗ-ਪਹਿਲਾ ਵਿੱਚ ਦਾਖਲੇ NEET – 2017, CBSE, New Delhi ਦੀ ਮੈਰਿਟ ਦੇ ਅਧਾਰ ਤੇ ਕਰਨ ਦੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ-X) ਦੀ ਪੁਸ਼ਟੀ ਕਰਨ ਉਪਰੰਤ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ:

ਨੋਟ :

ਪ੍ਰੋਫੈਸਰ ਅਤੇ ਮੁਖੀ, ਬਾਟਨੀ ਵਿਭਾਗ ਵੱਲੋਂ ਵਿਭਾਗ ਦੇ ਪੱਤਰ ਨੰਬਰ 5322/ਬਾਟਨੀ ਮਿਤੀ 27-12-2016 ਰਾਹੀਂ ਸੂਚਿਤ ਕੀਤਾ ਹੈ ਕਿ ਵਿਭਾਗ ਦੀ ਮਿਤੀ 23-12-2016 ਨੂੰ ਹੋਈ ਏ.ਸੀ.ਡੀ ਦੀ ਇਕੱਤਰਤਾ ਵਿੱਚ ਬਾਟਨੀ ਵਿਭਾਗ ਵਿਖੇ ਸੈਸ਼ਨ 2017-18 ਤੋਂ ਐਮ.ਐਸ.ਸੀ (ਬਾਟਨੀ) ਭਾਗ-ਪਹਿਲਾ (ਦੋ ਸਾਲਾ ਕੋਰਸ) ਦੇ ਦਾਖਲੇ ਪ੍ਰਵੇਸ਼ ਪ੍ਰੀਖਿਆ ਦੇ ਅਧਾਰ ਤੇ ਕਰਨ ਅਤੇ 2017-18 ਤੋਂ ਐਮ.ਐਸ.ਸੀ (ਆਨਰਜ਼) ਬਾਟਨੀ (FYIC) ਭਾਗ-ਪਹਿਲਾ ਵਿੱਚ ਦਾਖਲੇ NEET CBSE, New Delhi ਦੀ ਮੈਰਿਟ ਦੇ ਅਧਾਰ ਤੇ ਕਰਨ ਦੀ ਸਿਫਾਰਿਸ਼ ਕੀਤੀ ਹੈ ਅਤੇ ਜੇਕਰ ਇਸ ਤੋਂ ਬਾਅਦ ਸੀਟਾਂ ਖਾਲੀ ਰਹਿੰਦੀਆਂ ਹਨ ਤਾਂ ਉਹ ਸੀਟਾਂ 10+2 ਦੀ ਮੈਰਿਟ ਦੇ ਅਧਾਰ ਤੇ ਭਰ ਲਈਆਂ ਜਾਣ (ਅੰਤਿਕਾ-XI)।

**ਮੱਦ ਨੰਬਰ-6**

ਕਾਮਰਸ ਵਿਭਾਗ ਵਿਖੇ ਅਕਾਦਮਿਕ ਸਾਲ 2017-18 ਤੋਂ ਐਮ.ਕਾਮ (ਭਾਗ ਪਹਿਲਾ) ਅਤੇ ਐਮ.ਕਾਮ, ਫਾਇਨਾਂਸ (ਭਾਗ ਪਹਿਲਾ) ਦਾ ਦਾਖਲਾ Entrance test ਰਾਹੀਂ ਕਰਵਾਉਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ- XII) ਦੀ ਪੁਸ਼ਟੀ ਕਰਨ ਉਪਰੰਤ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ:

ਨੋਟ :

ਪ੍ਰੋਫੈਸਰ ਅਤੇ ਮੁਖੀ, ਕਾਮਰਸ ਵਿਭਾਗ ਵੱਲੋਂ ਆਪਣੇ ਪੱਤਰ ਨੰਬਰ 2984/ਕਾਮਰਸ ਮਿਤੀ 22-01-2017 ਰਾਹੀਂ ਸੂਚਿਤ ਕੀਤਾ ਗਿਆ ਕਿ ਵਿਭਾਗ ਦੀ ਏ.ਸੀ.ਡੀ ਦੀ ਕਾਰਵਾਈ ਦੇ ਪੈਰ੍ਹਾ ਨੰਬਰ 03 ਰਾਹੀਂ ਫੈਸਲਾ ਲਿਆ ਗਿਆ ਕਿ ਐਮ.ਕਾਮ (ਭਾਗ ਪਹਿਲਾ) ਅਤੇ ਐਮ.ਕਾਮ (ਫਾਇਨਾਂਸ) (ਭਾਗ ਪਹਿਲਾ) ਵਿੱਚ ਦਾਖਲੇ ਲਈ ਆਉਣ ਵਾਲੇ ਫਾਰਮਾਂ ਦੀ ਗਿਣਤੀ ਕਾਫ਼ੀ ਜ਼ਿਆਦਾਂ ਹੋਣ ਕਾਰਣ ਅਕਾਦਮਿਕ ਸਾਲ 2017-18 ਤੋਂ ਇਨ੍ਹਾਂ ਕਲਾਸਾਂ ਵਿੱਚ ਦਾਖਲਾ Entrance test ਰਾਹੀਂ ਕੀਤਾ ਜਾਵੇ (ਅੰਤਿਕਾ-XIII)।

**ਮੱਦ ਨੰਬਰ-7**

ਫਿਜਿਓਥਰੈਪੀ ਕੋਰਸਾਂ ਵਿੱਚ Yoga Education ਨੂੰ ਸਲੇਬਸ ਵਜੋਂ ਸ਼ਾਮਲ ਕਰਨ ਸਬੰਧੀ ਯੂ.ਜੀ.ਸੀ ਵੈਬਸਾਈਟ ਤੇ ਅਪਲੋਡ ਕੀਤੇ ਗਏ ਪੱਤਰ D.O.No. F.1-1/2016(Secy) dated 2nd June, 2016 (ਅੰਤਿਕਾ-XIV) ਦੀ ਲੋਅ ਵਿੱਚ ਗਠਿਤ ਕੀਤੀ ਗਈ ਕਮੇਟੀ ਦੀ ਮਿਤੀ 07-06-2016 ਨੂੰ ਹੋਈ ਇਕੱਤਰਤਾ ਵਿੱਚ ਲਏ ਗਏ ਫੈਸਲੇ (ਅੰਤਿਕਾ-XV) ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕਰਨ ਅਤੇ ਸੋਧ ਕਰਨ ਉਪਰੰਤ ਪ੍ਰਵਾਨ ਕਰ ਲਿਆ ਗਿਆ:

ਨੋਟ :

Prof. (Dr.) Jaspal S. Sandhu, Secretary, UGC, New Delhi ਵੱਲੋਂ ਯੂ.ਜੀ.ਸੀ ਵੈਬਸਾਈਟ ਤੇ ਅਪਲੋਡ ਕੀਤੇ ਗਏ ਪੱਤਰ D.O.No. F.1-1/2016(Secy) dated 2nd June, 2016 ਰਾਹੀਂ ਫਿਜਿਓਥਰੈਪੀ ਦੇ BPT ਅਤੇ MPT ਕੋਰਸਾਂ ਵਿੱਚ Yoga Education ਸਿਲੇਬਸ ਵਿੱਚ ਸ਼ਾਮਲ ਕਰਨ ਲਈ ਫੈਸਲਾ ਲਿਆ ਗਿਆ ਹੈ।

ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਫਿਜਿਓਥੈਰਪੀ ਵਿਭਾਗ BPT ਅਤੇ MPT ਕੋਰਸਾਂ ਵਿੱਚ Yoga Education ਸਿਲੇਬਸ ਵਿੱਚ ਸ਼ਾਮਲ ਕਰਨ ਸਬੰਧੀ ਆਪਣੇ ਪੱਧਰ ਤੇ ਫੈਸਲਾ ਕਰੇ।

**ਮੱਦ ਨੰਬਰ-8**

ਯੂ.ਜੀ.ਸੀ, ਨਵੀਂ ਦਿੱਲੀ ਵੱਲੋਂ ਡਿਗਰੀਆਂ ਦਾ ਨਾਮਿਨਕਲੇਚਰ ਨੋਟੀਫਾਈ ਕਰਨ ਸਬੰਧੀ ਜਾਰੀ ਕੀਤੇ ਗਏ ਪੱਤਰ ਨੰਬਰ D.O.No.F.5-1/2015(CPP – II) dated 31st May, 2016 (ਅੰਤਿਕਾ-XVI) ਦੀ ਅਨੁਸਾਰਤਾ ਵਿੱਚ ਯੂਨੀਵਰਸਿਟੀ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ B.P.E ਅਤੇ M.P.Ed ਕੋਰਸਾਂ ਦੀਆਂ ਡਿਗਰੀਆਂ ਦਾ ਨਾਮਿਨਕਲੇਚਰ ਬਦਲਣ ਸਬੰਧੀ ਗਠਿਤ ਕਮੇਟੀ ਵੱਲੋਂ ਆਪਣੀ ਇਕੱਤਰਤਾ ਮਿਤੀ 07-06-2016 ਵਿੱਚ ਲਏ ਗਏ ਫੈਸਲੇ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੀ ਪੁਸ਼ਟੀ ਕਰਨ ਉਪਰੰਤ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ (ਅੰਤਿਕਾ-XVII)।:

ਨੋਟ :

ਸੈਕਟਰੀ, ਯੂ.ਜੀ.ਸੀ., ਨਵੀਂ ਦਿੱਲੀ ਵੱਲੋਂ ਡਿਗਰੀਆਂ ਦਾ ਨਾਮਿਨਕਲੇਚਰ ਨੋਟੀਫਾਈ ਕਰਨ ਸੰਬੰਧੀ ਪ੍ਰਾਪਤ ਪੱਤਰ D.O.No.F.5-1/2015(CPP -- II) dated 31st May, 2016 ਦੀ ਅਨੁਸਾਰਤਾ ਵਿਚ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਸਰੀਰਕ ਸਿੱਖਿਆ ਵਿਭਾਗ ਵਿਖੇ ਚਲ ਰਹੇ

B.P.E ਅਤੇ M.P.Ed ਕੋਰਸਾਂ ਦਾ ਨਾਮ ਬਦਲ ਕੇ BPES (Bachelor of Physical Education and Sports) ਅਤੇ MPES (Master of Physical Education and Sports) ਕਰਨ ਸਬੰਧੀ ਕਮੇਟੀ ਵੱਲੋਂ ਆਪਣੀ ਇਕੱਤਰਤਾ ਮਿਤੀ 07-06-2016 ਵਿੱਚ ਫੈਸਲਾ ਲਿਆ ਗਿਆ।

**ਮੱਦ ਨੰਬਰ-9**

ਯੂ.ਜੀ.ਸੀ ਵੱਲੋਂ ਗਜਟ ਨੋਟੀਫਿਕੇਸ਼ਨ ਮਿਤੀ 05-07-2017 ਰਾਹੀਂ M.Phil ਅਤੇ Ph.D ਦੇ ਨਿਯਮਾਂ (ਅੰਤਿਕਾ- XVIII) ਸਬੰਧੀ ਕੀਤੇ ਗਏ ਬਦਲਾਅ ਨੂੰ ਵਾਈਸ-ਚਾਂਸਲਰ ਵੱਲੋਂ ਗਠਿਤ ਕਮੇਟੀ ਦੀ ਮਿਤੀ 14-09-2016 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਿਸ਼ਾਂ (ਅੰਤਿਕਾ-XIX) ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕਰਨ ਉਪਰੰਤ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. ਯੂ.ਜੀ.ਸੀ ਦੀ Minimum Standards and Procedure for Awards of M.Phil/Ph.D Degree), Regulations 2016 ਨੋਟੀਫਿਕੇਸ਼ਨ ਨੂੰ ਅਕਾਦਮਿਕ ਸਾਲ 2017-18 ਤੋਂ ਲਾਗੂ ਕੀਤਾ ਜਾਵੇ।

2. ਯੂ.ਜੀ.ਸੀ ਦੀਆਂ NET JRT / SRF's, RGNF MANF,BSR Research Fellowship/PDF's ਆਦਿ ਫੈਲੋਸ਼ਿਪ ਸਬੰਧੀ ਯੂ.ਜੀ.ਸੀ ਵੱਲੋਂ ਆਪਣੀ ਵੈਬਸਾਈਟ ਤੇ ਜੋ ਨਵੀਆਂ ਗਾਈਡ-ਲਾਈਨਜ਼ ਅਪਲੋਡ ਕੀਤੀਆਂ ਗਈਆਂ ਹਨ, ਨੂੰ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਐਡਾਪਟ ਕਰ ਲਿਆ ਜਾਵੇ।

3. ਕੇਂਦਰੀ ਦਾਖਲਾ ਸੈਲ ਵੱਲੋਂ ਇਸ ਗਜ਼ਟ ਨੋਟੀਫਿਕੇਸ਼ਨ ਮੁਤਾਬਿਕ entrance test ਦਾ ਸਿਲੇਬਸ ਆਦਿ ਬਦਲਣ ਸਬੰਧੀ ਕਾਰਵਾਈ ਕੀਤੀ ਜਾਵੇਗੀ। ਇਸ ਗਜ਼ਟ ਨੋਟੀਫਿਕੇਸ਼ਨ ਮੁਤਾਬਿਕ 50% entrance test ਦਾ ਪੇਪਰ Research Methodology ਦਾ ਹੋਵੇਗਾ।

4. M.Phil ਦਾ dessertation ਕਰਾਵਉਣ ਵਾਸਤੇ ਵੀ ਲਿਸ਼ਟ ਲਗਾਈ ਗਈ ਹੈ ਇਸ ਦੀ ਅਨੁਸਾਰਤਾ ਵਿੱਚ ਹੀ ਵਿਭਾਗਾਂ ਵਿਖੇ ਫੈਕਲਟੀ ਮੈਂਬਰਾਂ ਦੀ ਸੀਟਾਂ ਨਿਰਧਾਰਿਤ ਕੀਤੀਆਂ ਜਾਣ।

5. M.Phil ਅਤੇ Ph.D ਦੇ Entrance Test ਵਿੱਚੋਂ ਪਾਸ ਹੋਣ ਲਈ ਇਸ ਟੈਸਟ ਵਿੱਚੋਂ 50% marks ਪ੍ਰਾਪਤ ਕਰਨੇ ਹੋਣਗੇ।

6. ਇਸ ਗਜ਼ਟ ਨੋਟੀਫਿਕੇਸ਼ਨ ਮੁਤਾਬਿਕ M.Phil ਅਤੇ Ph.D ਦੇ ਦਾਖਲਿਆਂ ਵਾਸਤੇ ਹੁਣ OBC Category ਨੂੰ ਵੀ ਨਿਯਮਾਂ ਅਨੁਸਾਰ Marks ਦੀ ਛੋਟ ਦਾ ਲਾਭ ਦਿੱਤਾ ਜਾਵੇਗਾ।

**ਮੱਦ ਨੰਬਰ-10**

''ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਦਾ ਉਚਤਮ ਕੇਂਦਰ'' ਦਾ ਨਾਮ ਬਦਲ ਕੇ "Research Centre for Punjabi Language Technology" ਕਰਨ ਸਬੰਧੀ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਮਿਤੀ 15-06-2016 ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੀ ਪੁਸ਼ਟੀ ਕਰਨ ਉਪਰੰਤ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ (ਅੰਤਿਕਾ-XX):

**ਨੋਟ :**

ਡਾਇਰੈਕਟਰ, ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਦਾ ਉਚਤਕ ਕੇਂਦਰ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਇਸ ਕੇਂਦਰ ਦਾ ਨਾਮ ਬਦਲ ਕੇ "Research Centre for Punjabi Language Technology" ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਸਾਲ 2016 ਦੀ ਨੈਕ ਟੀਮ ਦੇ ਮੈਂਬਰਾਂ ਵੱਲੋਂ ਵੀ ਇਸ ਕੇਂਦਰ ਦਾ ਕੋਈ ਢੁਕਵਾਂ ਨਾਮ ਰੱਖਣ ਦੀ ਸਲਾਹ ਦਿੱਤੀ ਗਈ ਹੈ ਅਤੇ ਵੱਖ-ਵੱਖ ਭਾਸ਼ਾਵਾਂ ਤੇ ਕੰਮ ਕਰ ਰਹੇ ਬਹੁ-ਭਾਸ਼ਾਈ ਕੇਂਦਰਾਂ ਦੇ ਨਾਵਾਂ ਦਾ ਹਵਾਲਾ ਵੀ ਦਿੱਤਾ ਗਿਆ ਜਿਸ ਦੇ ਸੰਦਰਭ ਵਿੱਚ ਇਸ ਸਬੰਧੀ ਗਠਿਤ ਕਮੇਟੀ ਨੇ ਆਪਣੀ ਇਕੱਤਰਤਾ ਮਿਤੀ 15-06-2016 ਵਿੱਚ ਸੈਂਟਰ ਦਾ ਨਾਮ ਬਦਲ ਕੇ "Research Centre for Punjabi Language Technology" ਕਰਨ ਦੀ ਸਿਫਾਰਸ਼ ਕੀਤੀ (ਅੰਤਿਕਾ - XXI)।

ਇਸ ਸਬੰਧੀ ਕੇਸ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਉਪਰੰਤ ਸਿੰਡੀਕੇਟ ਦੀ ਪ੍ਰਵਾਨਗੀ ਹਿੱਤ ਭੇਜਿਆ ਗਿਆ ਹੈ।

ਡਾਇਰੈਕਟਰ,
ਯੋਜਨਾ ਤੇ ਨਿਰੀਖਣ

ਡੀਨ, ਅਕਾਦਮਿਕ ਮਾਮਲੇ 28-4-17

**ਵਾਈਸ-ਚਾਂਸਲਰ ਸਾਹਿਬ** 28-4-17